a2zpapers.com

Roll No. ..................



Total No. of Questions : 22]

[Total No. of Printed Pages : 4

SS

2087

ਸਲਾਨਾ ਪਰੀਖਿਆ ਪ੍ਰਨਾਲੀ

MUSIC (Tabla) (Theory)

(Punjabi, Hindi and English Versions)

(Evening Session)

Time allowed : Three hours

Maximum marks : 60

(Punjabi Version)

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ 038 ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(v) ਭਾਗ–I ਵਿੱਚ ਇੱਕ ਅੰਕ ਵਾਲੇ ਵਸਤੂਨਿਸ਼ਠ ਪ੍ਰਕਾਰ ਦੇ 7 ਪ੍ਰਸ਼ਨ ਹਨ । ਹਰ ਪ੍ਰਸ਼ਨ ਦਾ ਉੱਤਰ ਲੋੜ ਮੁਤਾਬਕ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਤਾ ਜਾਣਾ ਚਾਹੀਦਾ ਹੈ । ਭਾਗ–II ਵਿੱਚ ਤਿੰਨ ਅੰਕਾਂ ਦੇ ਛੋਟੇ ਉੱਤਰ ਵਾਲੇ 11 ਪ੍ਰਸ਼ਨ ਹਨ । ਹਰ ਪ੍ਰਸ਼ਨ ਦਾ ਉੱਤਰ 60-80 ਸ਼ਬਦਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ । ਭਾਗ–III ਵਿੱਚ ਪੰਜ ਅੰਕਾਂ ਦੇ ਲੰਮੇ ਉੱਤਰਾਂ ਵਾਲੇ 4 ਪ੍ਰਸ਼ਨ ਹਨ । ਹਰ ਪ੍ਰਸ਼ਨ ਦਾ ਉੱਤਰ ਵਿਸਥਾਰ ਨਾਲ 150-200 ਸ਼ਬਦਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

ਭਾਗ–I

1. ਉਸਤਾਦ ਜ਼ਾਕਿਰ ਹੁਸੈਨ ਦੇ ਪਿਤਾ ਕੌਣ ਸਨ ?
2. ਤਬਲੇ ਦੇ ਦੋਹਾਂ ਭਾਗਾਂ ਦੇ ਨਾਂ ਦੱਸੋ ।
3. ਪੰ. ਸ਼ਾਮਤਾ ਪ੍ਰਸਾਦ ਕਿਸ ਘਰਾਣੇ ਨਾਲ ਸੰਬੰਧਤ ਸਨ ?
4. ਸਮ ਦਾ ਚਿੰਨ੍ਹ ਕੀ ਹੁੰਦਾ ਹੈ ?
5. ਇੱਕਤਾਲ ਦੀ ਚੌਥੀ ਮਾਤਰਾ 'ਤੇ ਕਿਹੜਾ ਬੋਲ ਹੁੰਦਾ ਹੈ ?
6. ਝਪਤਾਲ ਦੀ ਕਿਹੜੀ ਮਾਤਰਾ 'ਤੇ ਖ਼ਾਲੀ ਹੁੰਦੀ ਹੈ ?
7. ਪਾਠਕ੍ਰਮ ਵਿੱਚੋਂ ਅਜਿਹੀ ਤਾਲ ਦਾ ਨਾਂ ਦੱਸੋ ਜਿਸ ਵਿੱਚ ਖ਼ਾਲੀ ਦਾ ਕੋਈ ਵਿਭਾਗ ਨਹੀਂ ਹੁੰਦਾ ਹੈ ।

ਭਾਗ–II

8. ਪਰਨ ਜਾਂ ਰੇਲੇ ਦੀ ਪਰਿਭਾਸ਼ਾ ਲਿਖੋ ।
9. ਯਤੀ ਜਾਂ ਪ੍ਰਸਤਾਰ ਕਿਸ ਨੂੰ ਕਹਿੰਦੇ ਹਨ ? ਵਿਆਖਿਆ ਕਰੋ ।
10. ਤਬਲੇ ਦੇ ਦਿੱਲੀ ਘਰਾਣੇ ਦੀਆਂ ਵਿਸ਼ੇਸ਼ਤਾਵਾਂ ਲਿਖੋ ।



[Turn over

www.a2zpapers.com www.a2zpapers.com
Download free old Question papers gndu, ptu hp board, punjab board

a2zpapers.com



11. ਸੰਗੀਤ ਵਿੱਚ ਲੈਅ ਦਾ ਮਹੱਤਵ ਲਿਖੋ ।
12. ਨਗਮੇ ਦੀ ਉਦਾਹਰਣ ਸਹਿਤ ਵਿਆਖਿਆ ਕਰੋ ।
13. ਤਬਲੇ ਦਾ ਸੰਗੀਤ ਵਿੱਚ ਕੀ ਮਹੱਤਵ ਹੈ ? ਵਰਨਣ ਕਰੋ ।
14. ਝਪਤਾਲ ਜਾਂ ਇੱਕਤਾਲ ਨੂੰ ਤਿਗੁਣ ਅਤੇ ਚੌਗੁਣ ਲੈਅਕਾਰੀਆਂ ਵਿੱਚ ਲਿਖੋ ।
15. ਤਿੰਨਤਾਲ ਦਾ ਪਰਿਚੈ ਦੇ ਕੇ ਪੰਜਾਬੀ ਠੇਕਾ ਤਾਲ ਨਾਲ ਉਸਦੀ ਤੁਲਨਾ ਕਰੋ ।
16. ਰੂਪਕ ਤਾਲ ਜਾਂ ਝਪਤਾਲ ਵਿੱਚ ਇੱਕ ਕਾਇਦਾ ਅਤੇ ਇੱਕ ਪਲਟਾ ਲਿਪੀਬਧ ਕਰੋ ।
17. ਤਿੰਨਤਾਲ ਵਿੱਚ ਇੱਕ ਪੇਸ਼ਕਾਰ ਲਿਪੀਬੱਧ ਕਰੋ ।
18. ਦੀਪਚੰਦੀ ਅਤੇ ਧਮਾਰ ਤਾਲਾਂ ਦੀ ਤੁਲਨਾ ਕਰੋ ।

## ਭਾਗ–III

19. ਪੰ. ਕੰਠੇ ਮਹਾਰਾਜ ਜਾਂ ਉਸਤਾਦ ਜ਼ਾਕਿਰ ਹੁਸੈਨ ਦੀ ਜੀਵਨੀ ਲਿਖੋ ।
20. ਤਬਲੇ ਦੇ ਪੰਜਾਬ ਜਾਂ ਬਨਾਰਸ ਘਰਾਣੇ ਦੀ ਜਾਣਕਾਰੀ ਦਿਉ ।
21. ਤਿੰਨ ਤਾਲ ਜਾਂ ਝਪਤਾਲ ਵਿੱਚ ਇੱਕ ਪਰਨ ਅਤੇ ਰੇਲਾ ਤਿਹਾਈ ਸਮੇਤ ਲਿਪੀਬੱਧ ਕਰੋ ।
22. ਦੀਪਚੰਦੀ ਜਾਂ ਰੂਪਕ ਤਾਲ ਦਾ ਪੂਰਾ ਪਰਿਚੈ ਦੇ ਕੇ ਉਸਨੂੰ ਇੱਕਗੁਣ, ਦੋਗੁਣ, ਤਿਗੁਣ ਅਤੇ ਚੌਗੁਣ ਵਿੱਚ ਲਿਪੀਬੱਧ ਕਰੋ ।

www.a2zpapers.com www.a2zpapers.com
Download free old Question papers gndu, ptu hp board, punjab board